

**ਆਈ.ਆਈ.ਐਚ.ਐਮ.ਆਰ. ਦਿੱਲੀ ਦੀ 16ਵੀਂ ਕਾਨਵੋਕੇਸ਼ਨ ਦੌਰਾਨ ਗ੍ਰੈਜੂਏਟ ਤੇ ਹੋਰ।**

**ਤਸਵੀਰ:ਸ਼ਿਆਮ ਸੁੰਦਰ**

# ਆਈ.ਆਈ.ਐਚ.ਐਮ.ਆਰ. ਦਿੱਲੀ ਦੀ 16ਵੀਂ ਕਾਨਵੋਕੇਸ਼ਨ 'ਚ 105 ਗ੍ਰੈਜੂਏਟਾਂ ਨੂੰ ਵੰਡੀਆਂ ਡਿਗਰੀਆਂ

ਨਵੀਂ ਦਿੱਲੀ, 27 ਅਗਸਤ (ਅਜੀਤ ਬਿਊਰੋ)- ਇੰਟਰਨੈਸ਼ਨਲ ਇੰਸਟੀਚਿਊਟ ਆਫ਼ ਹੈਲਥ ਮੈਨੇਜਮੈਂਟ ਰਿਸਰਚ (ਆਈ. ਆਈ. ਐਚ. ਐਮ. ਆਰ.) ਦਿੱਲੀ ਨੇ ਆਪਣਾ 16ਵਾਂ ਕਨਵੋਕੇਸ਼ਨ ਸਮਾਰੋਹ ਰੈਡੀਸਨ ਬਲੂ ਹੋਟਲ ਦਵਾਰਕਾ ਵਿਖੇ ਕਰਵਾਇਆ। ਇਸ ਵੱਕਾਰੀ ਮੌਕੇ ਸੰਸਥਾ, ਜਿਸ ਨੇ ਸਿਹਤ ਸੰਭਾਲ ਸਿੱਖਿਆ ਦੇ ਖੇਤਰ 'ਚ ਮਹੱਤਵਪੂਰਨ ਯੋਗਦਾਨ ਪਾਇਆ ਹੈ, ਨੇ 105 ਪੀ.ਜੀ.ਡੀ.ਐਮ. ਗ੍ਰੈਜੂਏਟਾਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ। ਸਮਾਗਮ 'ਚ ਸ਼ਾਮਿਲ ਹੋਣ ਵਾਲੇ ਪਤਵੰਤਿਆਂ 'ਚ ਡਾ. ਅਸ਼ੋਕ ਅਗਰਵਾਲ (ਮੈਨੇਜਮੈਂਟ ਟਰੱਸਟੀ ਤੇ ਸੰਸਥਾਪਕ ਆਈ. ਆਈ. ਐਚ. ਐਮ. ਆਰ.), ਡਾ. ਸੁਤਾਪਾ ਬੀ. ਨਿਓਗੀ (ਡਾਇਰੈਕਟਰ ਆਈ. ਆਈ. ਐਚ. ਐਮ. ਆਰ. ਦਿੱਲੀ), ਡਾ. ਐਸ. ਡੀ. ਗੁਪਤਾ (ਟਰੱਸਟੀ ਸਲਾਹਕਾਰ ਆਈ. ਆਈ. ਐਚ. ਐਮ. ਆਰ. ਦਿੱਲੀ), ਤੇ ਡਾ. ਸੁਮੇਸ਼ ਕੁਮਾਰ (ਅਕਾਦਮਿਕ ਤੇ ਵਿਦਿਆਰਥੀ ਮਾਮਲੇ ਆਈ. ਆਈ. ਐਚ. ਐਮ. ਆਰ. ਦਿੱਲੀ) ਸ਼ਾਮਿਲ ਸਨ। ਕਨਵੋਕੇਸ਼ਨ ਨੂੰ ਸੰਬੋਧਨ ਕਰਦੇ ਹੋਏ ਡਾ. ਅਸ਼ੋਕ ਅਗਰਵਾਲ ਨੇ ਕਿਹਾ ਕਿ ਆਈ. ਆਈ. ਐਚ. ਐਮ. ਆਰ. ਇਸ ਵਿਸ਼ਵਾਸ 'ਤੇ ਸਥਾਪਿਤ ਹੈ ਕਿ ਲੀਡਰਸ਼ਿਪ ਸਿਰਫ਼ ਹੁਨਰਾਂ ਬਾਰੇ ਨਹੀਂ ਹੈ, ਸਗੋਂ ਕਦਰਾਂ-ਕੀਮਤਾਂ ਬਾਰੇ ਹੈ। ਅੱਜ ਸਾਡੇ ਵਿਦਿਆਰਥੀ ਇਸ ਜ਼ਿੰਮੇਵਾਰੀ ਨੂੰ ਸੰਭਾਲਣ ਲਈ ਅੱਗੇ ਆ ਰਹੇ ਹਨ ਜਦੋਂ ਸਿਹਤ ਸੰਭਾਲ ਖੇਤਰ ਨਵੀਨਤਾ ਤੇ ਇਮਾਨਦਾਰੀ ਦੋਵਾਂ ਦੀ ਮੰਗ ਕਰ ਰਿਹਾ ਹੈ। ਡਾਇਰੈਕਟਰ ਦੀ ਰਿਪੋਰਟ ਪੇਸ਼ ਕਰਦੇ ਹੋਏ ਡਾ. ਸੁਤਾਪਾ ਬੀ. ਨਿਓਗੀ ਨੇ 2008 ਤੋਂ ਆਈ. ਆਈ. ਐਚ. ਐਮ. ਆਰ. ਦਿੱਲੀ ਦੀ ਯਾਤਰਾ 'ਤੇ ਚਾਨਣਾ ਪਾਇਆ ਤੇ ਸਿੱਖਿਆ, ਖੋਜ ਤੇ ਸਿਖਲਾਈ 'ਚ ਹੋਈ ਪ੍ਰਗਤੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ 95% ਤੋਂ ਵੱਧ ਪਲੇਸਮੈਂਟ, ਵਧ ਰਹੇ ਕਰੀਅਰ ਦੇ ਮੌਕੇ ਤੇ ਉਦਯੋਗ ਦੇ ਵਿਸ਼ਵਾਸ ਨਾਲ ਸਾਡੇ ਗ੍ਰੈਜੂਏਟ ਨਾ ਸਿਰਫ਼ ਵਿਸ਼ਵਾਸ ਨਾਲ ਸਗੋਂ ਹਮਦਰਦੀ ਤੇ ਯੋਗਤਾ ਨਾਲ ਵੀ ਸਿਹਤ ਸੰਭਾਲ ਖੇਤਰ 'ਚ ਯੋਗਦਾਨ ਪਾਉਣ ਲਈ ਜਾ ਰਹੇ ਹਨ।